# ਤੁਹਾਡਾ ਪਾਠਕ੍ਰਮ (ਕੋਰਸਵ੍ਰਕ)

- ਤੁਹਾਨੂੰ ਕੀ ਜਾਣਨਾ ਜਰੂਰੀ ਹੈ
- ਤੁਹਾਨੂੰ ਕੀ ਕਰਣ ਦੀ ਜਰੂਰਤ ਹੈ
- ਅੱਗੇ ਕੀ ਹੋਏਗਾ

## SQA ਨੂੰ ਨੰਬਰ ਦੇਣ (ਮਾਰਕਿੰਗ) ਲਈ ਪਾਠਕ੍ਰਮ (ਕੋਰਸਵ੍ਰਕ) ਸਬਮਿਟ ਕਰਨ ਦੇ ਦਿਸ਼ਾ ਨਿਰਦੇਸ਼ (ਗਾਇਡਲਾਇਨਜ਼)

ਅਗਰ ਤੁਸੀਂ ਕੋਈ ਕਾਬਲੀਅਤ (ਕੁਵਾਲਿਫਿਕੇਸ਼ਨ) ਹਾਸਿਲ ਕਰਣ ਲਈ ਕਾਫ਼ੀ ਸਾਲਾਂ ਤੱਕ ਪੜ੍ਹ ਰਹੇ ਹੋ, ਤੁਸੀਂ ਸ਼ਾਇਦ ਕੋਰਸ ਸ਼ੁਰੂ ਹੋਣ ਤੋਂ ਬਾਅਦ ਜਲਦੀ ਹੀ ਪਾਠਕ੍ਰਮ (ਕੋਰਸਵ੍ਰਕ) ਦੀ ਸਿਰਜਨਾ ਕਰਨਾ ਸ਼ੁਰੂ ਕਰ ਦਿਉਗੇ। ਇਸਦਾ ਮਤਲਬ ਹੈ ਕਿ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਪਰਚੇ ਨੂੰ ਧਿਆਨ ਨਾਲ ਪੜ੍ਹੋ, ਭਾਵੇਂ ਹੀ ਤੁਸੀਂ ਇਸ ਸਾਲ ਮਾਰਕਿੰਗ ਲਈ ਕੁਝ ਸਬਮਿਟ ਨਹੀਂ ਕਰ ਰਹੇ ਹੋ।

ਇਸ ਕਿਤਾਬੜੀ ਵਿੱਚ ਐਸੀ ਜਾਨਕਾਰੀ ਹੈ ਜਿਸਦੇ ਨਾਲ ਤੁਹਾਡੇ ਦੁਆਰਾ ਕਿਸੇ ਵੀ ਕੋਰਸਵ੍ਰਕ ਦੀ ਸਿਰਜਨਾ ਨੂੰ ਕਰਣ ਤੋਂ ਪਹਿਲਾਂ ਜਾਣੂ ਹੋਣਾ ਤੁਹਾਡੇ ਲਈ ਅਹਿਮ ਹੈ। ਅਗਰ ਤੁਹਾਨੂੰ ਇਸ ਕਿਤਾਬੜੀ ਵਿੱਚ ਲਿੱਖੀ ਜਾਨਕਾਰੀ ਸਮਝ ਵਿੱਚ ਨਹੀਂ ਆਉਂਦੀ ਹੈ, ਜਾਂ ਤੁਸੀਂ ਹੋਰ ਦਿਸ਼ਾ ਨਿਰਦੇਸ਼ (ਗਾਇਡੈਨਸ) ਚਾਹੁੰਦੇ ਹੋ ਤੇ ਆਪਣੇ ਸਿੱਖਿਅਕ ਜਾਂ ਲੈਕਚਰਾਰ ਨੂੰ ਮਦਦ ਲਈ ਪੁੱਛੋ।

## ਦਿਸ਼ਾ ਨਿਰਦੇਸ਼ (ਗਾਇਡਲਾਇਨਜ਼)

ਪਾਠਕ੍ਰਮ (ਕੋਰਸਵ੍ਰਕ) ਤੁਹਾਨੂੰ ਕਿਸੇ ਵਿਸ਼ੇ ਬਾਰੇ ਆਪਣੀ ਜਾਨਕਾਰੀ ਅਤੇ ਸੂਝ ਦਿਖਾਣ ਦਾ ਮੌਕਾ ਦਿੰਦਾ ਹੈ। ਤੁਹਾਡਾ ਪਾਠਕ੍ਰਮ (ਕੋਰਸਵ੍ਰਕ) ਇਕ ਪ੍ਰਾਜੇਕਟ, ਇਕ ਪੋਰਟਫੋਲਿਔ, ਜਾਂ ਇਕ ਯਾ ਜਿਆਦਾ ਲੇਖ ਹੋ ਸਕਦੇ ਹਨ, ਜਿਹੜਾ ਕੋਰਸ ਤੁਸੀਂ ਲਿਆ ਹੈ ਇਹ ਉਸ ਤੇ ਨਿਰਭਰ ਕਰਦਾ ਹੈ। ਤੁਹਾਨੂੰ ਇਸ ਕੰਮ ਲਈ ਜੋ ਨੰਬਰ (ਮਾਰਕਸ) ਦਿੱਤੇ ਜਾਂਦੇ ਹਨ ਉਹ ਤੁਹਾਡੇ ਫਾਇਨਲ ਦਰਜੇ (ਗ੍ਰੇਡ) ਵਿੱਚ ਯੋਗਦਾਨ ਦੇਣਗੇ।

ਤੁਸੀਂ ਆਪਣੇ ਪਾਠਕ੍ਰਮ ਨੂੰ ਸਹਾਰਾ ਦੇਣ ਲਈ ਕਾਫ਼ੀ ਵੱਖ ਵੱਖ ਤਰ੍ਹਾਂ ਦੇ ਸਰੋਤਾਂ ਦਾ ਇਸਤੇਮਾਲ ਕਰ ਸਕਦੇ ਹੋ, ਉਦਾਹਰਣ ਦੇ ਤੌਰ ਤੇ ਕਿਤਾਬਾਂ, ਵਿਸ਼ਵਕੋਸ਼ (ਏਨਸਾਇਕਲੋਪੀਡੀਆ) ਅਤੇ ਪੱਤਰ, ਅਤੇ ਟੀਵੀ, ਰੇਡਿਉ ਅਤੇ ਇੰਟਰਨੈਟ ਵੀ। ਇਹਨਾਂ ਸਰੋਤਾਂ ਤੋਂ ਮਿਲੀ ਜਾਨਕਾਰੀ ਦਾ ਆਪਣੇ ਕੰਮ ਲਈ ਬਲਾਕ ਬਣਾਉਣਾ ਸਿੱਖਣ ਦਾ ਇਕ ਬਹੁਤ ਵਧੀਆ ਤਰੀਕਾ ਹੈ। ਪਰ, ਤੁਹਾਨੂੰ ਕਿਸੇ ਹੋਰ ਦੇ ਕੰਮ ਦੀ ਸਿੱਧੀ ਨਕਲ ਕਰਕੇ ਆਪਣਾ ਬਣਾ ਕੇ ਨਹੀਂ ਪੇਸ਼ ਕਰਨਾ ਚਾਹੀਦਾ ਹੈ। ਤੁਹਾਨੂੰ ਸਾਫ਼-ਸਾਫ਼ ਦੱਸਣਾ ਚਾਹੀਦਾ ਹੈ ਕਿ ਤੁਹਾਡਾ ਕੰਮ ਕਿਹੜਾ ਹੈ ਅਤੇ ਕਿਹੜੇ ਸ਼ਬਦ ਦੂਸਰੇ ਸਰੋਤ ਤੋਂ ਆਏ ਹਨ।

**ਇੱਥੇ ਕੁਝ ਜਰੂਰੀ ਹਿਦਾਇਤਾਂ ਹਨ ਜੋ ਤੁਹਾਨੂੰ ਆਪਣੇ ਪਾਠਕ੍ਰਮ ਦੀ ਸਿਰਜਣਾ ਕਰਦੇ ਸਮੇਂ ਜਰੂਰ ਮੰਨਣਿਆਂ ਚਾਹੀਦੀਆਂ ਹਨ। ਅਗਰ ਤੁਸੀਂ ਕਿਸੇ ਚੀਜ਼ ਬਾਰੇ ਨਿਸ਼ਚਿਤ (ਸ਼ਯੁਰ) ਨਹੀਂ ਹੋ ਤੇ ਤੁਹਾਨੂੰ ਆਪਣੇ ਸਿੱਖਿਅਕ ਜਾਂ ਲੈਕਚਰਾਰ ਨੂੰ ਸਮਝਾਣ ਲਈ ਜਰੂਰ ਪੁੱਛਣਾ ਚਾਹੀਦਾ ਹੈ।**

### ੧. **ਆਪਣਾ ਕੰਮ ਸਬਮਿਟ ਕਰਣ ਲਈ ਸਮੇਂ ਦੀ ਸੀਮਾਵਾਂ (ਡੈਡਲਾਇਨਜ਼) ਨੂੰ ਪੂਰਾ ਕਰਨਾ**

ਇਹ ਨਿਸ਼ਚਿਤ ਕਰੋ ਕਿ ਆਪਣੇ ਕੰਮ ਦੇ ਸਮੇਂ ਦੀ ਸੀਮਾਵਾਂ (ਡੈਡਲਾਇਨਜ਼) ਨੂੰ ਪੂਰਾ ਕਰੋ ਜੋ ਤੁਹਾਡੇ ਸਿੱਖਿਅਕ ਜਾਂ ਲੈਕਚਰਾਰ ਨੇ ਤੁਹਾਨੂੰ ਖਰੜੇ (ਡਰਾਫਟਜ਼) ਅਤੇ ਕੰਮ ਦੇ ਅਖੀਰਲੇ ਹਿੱਸਿਆਂ ਨੂੰ ਪੂਰਾ ਕਰਣ ਲਈ ਦਿੱਤਿਆਂ ਹਨ। ਤੁਹਾਡੇ ਸਿੱਖਿਅਕ ਜਾਂ ਲੈਕਚਰਾਰ ਤੁਹਾਨੂੰ ਰਸਤਾ ਦਿਖਾਣ ਅਤੇ ਮਦਦ ਕਰਣ ਲਈ ਮੌਜੂਦ ਹਨ। ਉਹਨਾਂ ਨੂੰ ਨਾਲ ਨਾਲ ਵੱਧਦਾ ਹੋਇਆ ਕੰਮ ਦਿਖਾਣ ਨਾਲ, ਤੁਹਾਨੂੰ ਅਤੇ ਉਹਨਾਂ ਨੂੰ ਕਿਸੇ ਵੀ ਪੈਦਾ ਹੋਏ ਚਿੰਤਾ ਦੇ ਕਿਸੇ ਖੇਤਰ ਨਾਲ ਨਿਪਟਣ ਦਾ ਸਮਾਂ

ਮਿਲ ਜਾਏਗਾ। ਅਗਰ ਤੁਹਾਨੂੰ ਸਮੇਂ ਦੀ ਸੀਮਾਵਾਂ (ਡੈਡਲਾਇਨਜ਼) ਨੂੰ ਪੂਰਾ ਕਰਣ ਵਿੱਚ ਪਰੇਸ਼ਾਨੀ ਹੋ ਰਹੀ ਹੈ, ਆਪਣੇ ਸਿੱਖਿਅਕ ਜਾਂ ਲੈਕਚਰਾਰ ਨਾਲ ਗੱਲ ਕਰੋ — ਹੋ ਸਕਦਾ ਹੈ ਐਸਾ ਕੁਝ ਹੈ ਜੋ ਤੁਹਾਡੀ ਮਦਦ ਲਈ ਕੀਤਾ ਜਾ ਸਕਦਾ ਹੈ।

**੨. ਦੂਸਰਿਆਂ ਦੇ ਕੰਮ ਨੂੰ ਆਪਣਾ ਬਣਾਨ ਦਾ ਖੋਖਣਹਾਰਾਪਨ (ਪ੍ਰਿਟੈਨਸ) ਨਾ ਕਰੋ**
ਦੂਸਰਿਆਂ ਦੇ ਕੰਮ ਨੂੰ ਆਪਣਾ ਬਣਾ ਕੇ ਇਸਤੇਮਾਲ ਕਰਨਾ ਇਕ ਕਿਸਮ ਦੀ ਧੋਖੇਬਾਜ਼ੀ ਹੈ ਜਿਸਨੂੰ 'ਸਾਹਿਤ ਡਕੈਤੀ' (ਪਲੇਜਰਿਜ਼ਮ) ਕਹਿੰਦੇ ਹਨ। ਇਸਦਾ ਮਤਲਬ ਕਿਸੇ ਹੋਰ ਦੇ ਸ਼ਬਦਾਂ ਜਾਂ ਵਿਚਾਰਾਂ ਲੈ ਕੇ ਉਹਨਾਂ ਨੂੰ ਆਪਣਾ ਕਹਿ ਕੇ ਦਿਖਾਣਾ ਹੈ। ਇਸ ਵਿੱਚ ਜਾਨਕਾਰੀ ਦੇ ਸਰੋਤਾਂ ਨੂੰ ਕਬੂਲਨ ਵਿੱਚ ਨਾਕਾਮ ਹੋਣਾ ਸ਼ਾਮਿਲ ਹੈ ਜੋ ਤੁਸੀਂ ਆਪਣੇ ਕੰਮ ਵਿੱਚ ਇਸਤੇਮਾਲ ਕੀਤੇ ਹਨ।

**ਤੁਹਾਨੂੰ ਇਹ ਨਹੀਂ ਦਿਖਾਉਣਾ ਚਾਹੀਦਾ ਹੈ ਕਿ ਕੰਮ ਤੁਹਾਡਾ ਆਪਣਾ ਹੈ ਅਗਰ ਇਹ:**
- ਕੰਮ ਜੋ ਪੂਰੀ ਤਰ੍ਹਾਂ, ਜਾਂ ਹਿੱਸੇ ਵਿੱਚ, ਕਿਸੇ ਹੋਰ ਦੁਆਰਾ ਤਿਆਰ ਕੀਤਾ ਗਿਆ ਹੈ » ਕੰਮ ਕਿਸੇ ਹੋਰ ਉਮੀਦਵਾਰ ਦੁਆਰਾ, ਜਾਂ ਕਿਸੇ ਵੱਡੇ ਭਰਾ ਭੈਣ ਜਾਂ ਦੋਸਤ ਦੁਆਰਾ ਤਿਆਰ ਕੀਤਾ ਗਿਆ ਹੈ, ਜਿਸਨੇ ਪਹਿਲਾਂ ਮਿਲਦਾ ਜੁਲਦਾ ਪਾਠਕ੍ਰਮ ਤਿਆਰ ਕੀਤਾ ਹੋਵੇ
- ਤੁਹਾਡੇ ਸਿੱਖਿਅਕ ਜਾਂ ਲੈਕਚਰਾਰ ਦੁਆਰਾ ਤਿਆਰ ਕੀਤਾ ਗਿਆ ਉਦਾਹਰਣ ਕੰਮ
- ਕਿਸੇ ਇੰਟਰਨੈਟ ਸਾਇਟ ਜਾਂ ਲੇਖ ਬੈਂਕ ਤੋਂ ਡਾਉਨਲੋਡ ਕੀਤਾ ਗਿਆ ਕੰਮ

**੩. ਸਰੋਤ ਸਮਗਰੀ ਨੂੰ ਸਵੀਕਾਰ ਕਰਨਾ**
ਅਗਰ ਤੁਸੀਂ ਆਪਣੇ ਕੰਮ ਵਿੱਚ ਸਮਗਰੀ ਕਿਤਾਬਾਂ, ਅਖਬਾਰਾਂ ਜਾਂ ਇੰਟਰਨੈਟ ਸਰੋਤਾਂ ਤੋਂ ਇਸਤੇਮਾਲ ਕਰਦੇ ਹੋ, ਤੁਹਾਨੂੰ ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਤੁਸੀਂ ਦਰੁਸਤ ਹਵਾਲਾ ਦੇ ਕੇ ਇਸਨੂੰ ਸਾਫ਼ ਸਾਫ਼ ਸਵੀਕਾਰ ਕਰੋ। ਤੁਹਾਡੇ ਸਿੱਖਿਅਕ ਜਾਂ ਲੈਕਚਰਾਰ ਤੁਹਾਨੂੰ ਸਲਾਹ ਦੇਣਗੇ ਕਿ ਇਹ ਐਨ ਕਿਸ ਤਰ੍ਹਾਂ ਕਰਨਾ ਹੈ।

**ਤੁਹਾਨੂੰ :**
- ਕੋਈ ਟੈਕਸਟ ਜੋ ਤੁਸੀਂ ਦੂਸਰੇ ਸਰੋਤਾਂ ਤੋਂ ਇਸਤੇਮਾਲ ਕਰ ਰਹੇ ਹੋ ਅਤੇ ਪਛਾਣਦੇ ਹੋ ਕਿ ਉਹ ਸਰੋਤ ਕਿਹੜੇ ਹਨ ਉਹਨਾਂ ਦੇ ਆਸ-ਪਾਸ ਟੂਕ ਨਿਸ਼ਾਨਾਂ ਦਾ ਇਸਤੇਮਾਲ ਕਰੋ
- ਕਿਸੇ ਵੀ ਚਿੱਤਰ ਜਾਂ ਮਿਸਾਲ ਦੇ ਸਰੋਤਾਂ ਨੂੰ ਸਾਫ਼ ਤੌਰ ਤੇ ਕਬੂਲੋ
- ਆਪਣੇ ਕੰਮ ਦੇ ਅਖੀਰ ਵਿੱਚ ਇਕ ਪੁਸਤਕ ਸੂਚੀ (ਬਿਬਲਿਯੋਗ੍ਰਾਫ਼ੀ) ਸ਼ਾਮਿਲ ਕਰੋ, ਅਗਰ ਉਚਿਤ ਹੈ

**੪. ਦੂਸਰਿਆਂ ਨਾਲ ਕੰਮ ਨਾ ਕਰੋ, ਜਾਂ ਆਪਣਾ ਕੰਮ ਦੂਸਰਿਆਂ ਨਾਲ ਨਾ ਵੰਡੋ — ਜਦੋਂ ਤੱਕ ਤੁਸੀਂ ਗਰੁੱਪ ਕੰਮ ਵਿੱਚ ਹਿੱਸਾ ਲੈ ਰਹੇ ਹੋ**
ਦੂਸਰੇ ਉਮੀਦਵਾਰਾਂ ਨਾਲ ਕਿਸੇ ਟਾਸਕ ਤੇ ਕੰਮ ਕਰਨਾ ਜੋ ਤੁਹਾਨੂੰ ਆਪੇ ਕਰਨਾ ਚਾਹੀਦਾ ਹੈ, ਜਾਂ ਆਪਣੇ ਕੰਮ ਨੂੰ ਕਿਸੇ ਹੋਰ ਨਾਲ ਵੰਡਣਾ (ਇਲੈਕਟ੍ਰਾਨਿਕ ਤਰੀਕਾ ਵੀ ਸ਼ਾਮਿਲ), ਇਕ ਤਰ੍ਹਾਂ ਦੀ ਧੋਖੇਬਾਜ਼ੀ ਹੈ ਜਿਸਨੂੰ 'ਸੰਡ-ਗੰਡ' (ਕਲੂਜ਼ਨ) ਕਹਿੰਦੇ ਹਨ। ਇਸ ਵਿੱਚ ਦੂਸਰੇ ਉਮੀਦਵਾਰ ਦੀ ਸਹਾਇਤਾ ਕਰਨਾ, ਜਾਂ ਉਸਨੂੰ ਸਮਗਰੀ ਉਧਾਰ ਦੇਣਾ ਸ਼ਾਮਿਲ ਹੈ। ਉਦਾਹਰਣ ਵਜੋਂ, ਅਗਰ ਤੁਹਾਡਾ ਕੰਮ ਇਕ ਕਮਪਯੂਟਰ ਤੇ ਕੀਤਾ ਗਿਆ ਹੈ, ਤੁਹਾਨੂੰ ਆਪਣਾ ਪਾਸਵਰਡ ਦੇ ਕੇ ਆਪਣੇ ਕੰਮ ਤੱਕ ਪਹੁੰਚਣ ਦੀ ਜਾਂ ਆਪਣੀਆਂ ਸੇਵ ਕੀਤੀਆਂ ਗਈਆਂ ਫਾਇਲਾਂ ਤੱਕ ਪਹੁੰਚਣ ਦੀ ਇਜ਼ਾਜ਼ਤ ਕਿਸੇ ਨੂੰ ਨਹੀਂ ਦੇਣੀ ਚਾਹੀਦੀ। ਅਗਰ ਕਿਸੇ ਜਮਾਤੀ ਜਾਂ ਸਾਥੀ ਵਿਦੀਆਰਥੀ ਨੂੰ ਆਪਣਾ ਪਾਠਕ੍ਰਮ ਪੂਰਾ ਕਰਣ ਵਿੱਚ ਮੁਸ਼ਕਲ ਹੋ ਰਹੀ ਹੈ ਅਤੇ ਉਹਨ ਤੁਹਾਨੂੰ ਮਦਦ ਕਰਨ ਲਈ ਕਹਿੰਦੇ ਹਨ, ਤੁਹਾਨੂੰ ਇਹ ਸਲਾਹ ਦੇਣੀ ਚਾਹੀਦੀ ਹੈ ਕਿ ਉਹ ਸਿੱਖਿਅਕ ਜਾਂ ਲੈਕਚਰਾਰ ਨਾਲ ਗਲ ਕਰਣ। ਅਗਰ ਇਹ ਸਾਬਤ ਹੋ ਜਾਂਦਾ ਹੈ ਕਿ ਤੁਸੀਂ ਆਪਣਾ ਕੰਮ ਕਿਸੇ ਦੂਸਰੇ ਉਮੀਦਵਾਰ ਨੂੰ ਦਿੱਤਾ ਸੀ ਜਿਸਨੇ ਫਿਰ ਜਮਾ ਕਰਣ ਲਈ ਆਪਣਾ ਪਾਠਕ੍ਰਮ ਤਿਆਰ ਕਰਣ ਲਈ ਇਸਦਾ ਇਸਤੇਮਾਲ ਕੀਤਾ, ਤੁਹਾਨੂੰ ਦੋਹਾਂ ਨੂੰ ਇਸ ਦਿਸ਼ਾ ਨਿਰਦੇਸ਼ ਨੂੰ ਤੋੜਨ ਵਾਲਾ ਸਮਝਿਆ ਜਾਏਗਾ। ਇਸੇ ਤਰ੍ਹਾਂ, ਤੁਹਾਨੂੰ ਕਿਸੇ ਦੂਸਰੇ ਉਮੀਦਵਾਰ ਕੋਲੋਂ ਉਸਦਾ ਕੰਮ ਜਾਂ ਸਮਗਰੀ ਉਧਾਰ ਵਿੱਚ ਜਾਂ ਉਹਨਾਂ ਦੀ ਕਮਪਯੂਟਰ ਫਾਇਲ ਤੱਕ ਪਹੁੰਚਣ ਦੀ ਇਜ਼ਾਜ਼ਤ ਨਹੀਂ ਮੰਗਣੀ ਚਾਹੀਦੀ। ਅਗਰ ਤੁਹਾਨੂੰ ਆਪਣਾ ਪਾਠਕ੍ਰਮ ਪੂਰਾ ਕਰਣ ਵਿੱਚ ਮੁਸ਼ਕਲ ਹੋ ਰਹੀ ਹੈ, ਤੁਹਾਨੂੰ ਸਿੱਖਿਅਕ ਜਾਂ ਲੈਕਚਰਾਰ ਨਾਲ ਗਲ ਕਰਣੀ ਚਾਹੀਦੀ ਹੈ।

**੫. ਆਪਣੇ ਕੰਮ ਵਿੱਚ ਅੱਖੜ, ਮੂੰਹ ਫੱਟ, ਹਮਲੇਵਾਰ ਜਾਂ ਪੱਖਪਾਤੀ ਭਾਸ਼ਾ ਜਾਂ ਤਸਵੀਰਾਂ ਨਾ ਸ਼ਾਮਿਲ ਕਰੋ**
ਸਾਰੇ ਉਮੀਦਵਾਰਾਂ ਤੋਂ ਇਹ ਆਸ਼ਾ ਕੀਤੀ ਜਾਂਦੀ ਹੈ ਕਿ ਉਹ ਸਾਰਿਆਂ ਨੂੰ ਸਤਿਕਾਰ ਦਿਖਾਣ ਜਿਸਦੇ ਵਿੱਚ ਸਿੱਖਿਅਕ, ਲੈਕਚਰਾਰ ਅਤੇ SQA ਸ਼ਾਮਿਲ ਹਨ। ਇਹ ਸਵੀਕਾਰਯੋਗ ਨਹੀਂ ਹੈ ਕਿ ਨੰਬਰ ਦੇਣ ਵਾਲਿਆਂ ਨੂੰ ਬੇਤੁਕੀ ਸਮਗਰੀ ਤੇ ਵਿਚਾਰ ਕਰਨਾ ਪਵੇ।

੬. **ਮਾਰਕਿੰਗ ਲਈ ਦੇਣ ਤੋਂ ਪਹਿਲਾਂ ਆਪਣੇ ਕੰਮ ਦੇ ਵਿਸ਼ਾ ਵਸਤ ਨੂੰ ਧਿਆਨ ਨਾਲ ਚੈਕ ਕਰੋ**
ਨਿਸ਼ਚਿਤ ਕਰੋ ਕਿ ਤੁਸੀਂ ਆਪਣੀ ਸਾਰੀ ਪਾਠਕ੍ਰਮ ਸਮਗਰੀ ਦੀ ਜਾਂਚ ਧਿਆਨ ਨਾਲ ਇਹ ਪੱਕਾ ਕਰਣ ਲਈ ਕਰੋ ਕਿ ਸਭ ਕੁਝ ਜੋ ਤੁਸੀਂ ਸਬਮਿਟ ਕਰ ਰਹੇ ਹੋ ਉਹ ਤੁਹਾਡਾ ਆਪਣਾ ਕੰਮ ਹੈ ਅਤੇ ਸਰੋਤ ਸਮਗਰੀ ਨੂੰ ਠੀਕ ਤਰ੍ਹਾਂ ਨਾਲ ਪਰਵਾਨਤ ਕੀਤਾ ਗਿਆ ਹੈ। ਤੁਹਾਨੂੰ ਇਹ ਪੱਕਾ ਕਰਣ ਲਈ ਇਸ ਗੱਲ ਤੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਕਿ ਕੋਈ ਸਮਗਰੀ ਜੋ ਤੁਸੀਂ ਪਿਛਲੇ ਸਾਲਾਂ ਵਿੱਚ ਪੂਰੀ ਕੀਤੀ ਸੀ ਉਹ ਵੀ ਸਾਰਾ ਤੁਹਾਡਾ ਆਪਣਾ ਕੰਮ ਹੈ। ਇਹ ਵੀ ਜਾਂਚ ਕਰੋ ਕਿ ਤੁਹਾਡਾ ਭਾਸ਼ਾ ਅਤੇ ਬਿੰਬਾਵਲੀ (ਇਮੇਜ੍ਰੀ) ਦਾ ਇਸਤੇਮਾਲ ਦਿਸ਼ਾ ਨਿਰਦੇਸ਼ (ਗਾਇਡਲਾਇਨ) ਪ ਦੇ ਮੁਤਾਬਕ ਹੈ। SQA ਕੋਲ ਮਾਰਕਿੰਗ ਲਈ ਭੇਜਣ ਤੋਂ ਪਹਿਲਾਂ ਆਪਣੇ ਕੰਮ ਦਾ ਕੋਈ ਵੀ ਹਿੱਸਾ ਕਿਸੇ ਇੰਟਰਨੈਟ ਸਾਇਟ ਤੇ ਪ੍ਰਕਾਸ਼ਨ ਲਈ ਨਾ ਸਬਮਿਟ ਕਰੋ।

## ਸਾਹਿਤ ਡਕੈਤੀ (ਪਲੇਜਰਿਜ਼ਮ), ਸੰਡ-ਗੰਡ (ਕਲੂਜ਼ਨ) ਅਤੇ ਹੋਛੇ/ਹਮਲਾਵਾਰ ਸਮਗਰੀ ਨੂੰ ਕਿਸ ਤਰ੍ਹਾਂ ਪਛਾਣਿਆ ਜਾਂਦਾ ਹੈ?

- ਸਿੱਖਿਅਕ ਜਾਂ ਲੈਕਚਰਾਰ ਕੰਮ ਦੇ ਖਰੜੇ ਦੀ ਜਾਂਚ ਕਰਨ ਤੇ ਲਿੱਖਣ ਦੇ ਤਰੀਕੇ ਅਤੇ ਭਾਸ਼ਾ ਦੇ ਇਸਤੇਮਾਲ ਵਿੱਚ ਤਬਦੀਲੀਆਂ ਸਮਝ ਜਾਂਦੇ ਹਨ।
- ਮਾਰਕਰਾਂ ਨੇ ਕਾਫੀ ਮੌਜੂਦ ਸਮਗਰੀ ਪੜ੍ਹੀ ਹੋਏਗੀ ਅਤੇ ਉਹ ਸੰਬੰਧਿਤ ਵਿਸ਼ੇ ਦੇ ਕਾਫੀ ਸਾਰੇ ਸਰੋਤਾਂ ਨਾਲ ਜਾਣੂ ਹੋਣਗੇ।
- ਮਾਰਕਰ ਕਿਸੇ ਏਸੀ ਚੀਜ਼ ਨੂੰ ਵੀ ਪੜਤਾਲ ਲਈ ਰੈਫਰ ਕਰਣਗੇ ਜੋ ਉਹ ਹੋਛੀ ਜਾਂ ਹਮਲਾਵਾਰ ਸਮਝਦੇ ਹਨ।
- SQA ਐਸੇ ਕਮਪਯੂਟਰ ਸਾਫਟਵੇਅਰ ਦਾ ਇਸਤੇਮਾਲ ਕਰਦੇ ਹਨ ਜੋ ਮੂਲ ਸਰੋਤਾਂ ਨਾਲ ਨਕਲ ਕੀਤੀਆਂ ਗਈਆਂ ਕਹਾਵਤਾਂ (ਫ੍ਰੇਜ਼ਿਜ਼) ਜਾਂ ਵਾਕ (ਟੈਕਸਟ) ਦੇ ਟੁਕੜਿਆਂ ਨੂੰ ਜੋੜ (ਮੈਚ ਕਰ) ਸਕਦਾ ਹੈ।

## ਯਾਦ ਰਹੇ

**ਸਾਹਿਤ ਡਕੈਤੀ (ਪਲੇਜਰਿਜ਼ਮ), ਸੰਡ-ਗੰਡ (ਕਲੂਜ਼ਨ) ਦੇ ਹਰ ਸੰਦਿਗਧ ਮਾਮਲੇ ਜਾਂ ਹੋਛੀ/ਹਮਲਾਵਾਰ ਸਮਗਰੀ ਦੇ ਇਸਤੇਮਾਲ ਦੀ ਜਾਂਚ ਪੜਤਾਲ ਕੀਤੀ ਜਾਏਗੀ। ਇਕ ਜੁਰਮਾਨਾ ਲਗਾਇਆ ਜਾਏਗਾ ਅਗਰ ਇਹ ਪਤਾ ਲੱਗਦਾ ਹੈ ਕਿ ਦਿਸ਼ਾ ਨਿਰਦੇਸ਼ (ਗਾਇਡਲਾਇਨਜ਼) ਨੂੰ ਤੋੜਿਆ ਗਿਆ ਹੈ।**

## SQA ਕਿਹੜਾ ਜੁਰਮਾਨਾ ਲਗਾਉਣਗੇ?

ਅਗਰ ਜਾਂਚ ਪੜਤਾਲ ਤੋਂ ਇਹ ਸਥਾਪਤ ਹੁੰਦਾ ਹੈ ਕਿ ਤੁਸੀਂ ਦਿਸ਼ਾ ਨਿਰਦੇਸ਼ (ਗਾਇਡਲਾਇਨਜ਼) ਨੂੰ ਤੋੜਿਆ ਹੈ, SQA ਇਕ ਜੁਰਮਾਨਾ ਲਗਾਉਣਗੇ। ਜੁਰਮਾਨੇ ਦਾ ਪੱਧਰ ਮਾਮਲੇ ਦੀ ਕਰੜਾਈ ਤੇ ਨਿਰਭਰ ਕਰਦਾ ਹੈ। SQA ਇਹ ਫੈਸਲਾ ਕਰਣਗੇ ਕਿ ਹੇਠਾਂ ਲਿੱਖੀ ਲਿਸਟ ਵਿੱਚੋਂ ਕਿਹੜਾ ਜੁਰਮਾਨਾ ਉਚਿਤ ਹੋਏਗਾ:

- ਉਸ ਸਾਲ ਦੇ ਤੁਹਾਡੇ ਸਾਰੇ ਵਿਸ਼ਿਆਂ ਦੇ ਪਰਵੇਸ਼ (ਏਨਟ੍ਰੀਜ਼) ਰੱਦ ਕਰ ਦਿੱਤੇ ਜਾਣਗੇ।
- ਸੰਬੰਧਿਤ ਵਿਸ਼ੇ ਦਾ ਪਰਵੇਸ਼ (ਏਨਟ੍ਰੀ) ਰੱਦ ਕਰ ਦਿੱਤਾ ਜਾਏਗਾ।
- ਕੰਮ ਦੇ ਉਸ ਹਿੱਸੇ ਲਈ ਨੰਬਰ ਘੱਟ ਜਾਂ ਜ਼ੀਰੋ ਦਿੱਤੇ ਜਾਣਗੇ।
- ਇਕ ਚੇਤਾਵਨੀ (ਵਾਰਨਿੰਗ) ਦਿੱਤੀ ਜਾਏਗੀ।

ਅਗਰ ਇਕ ਜੁਰਮਾਨਾ ਲਗਾਇਆ ਜਾਂਦਾ ਹੈ, ਤੁਹਾਡੇ ਸਕੂਲ ਜਾਂ ਕਾਲੇਜ ਨੂੰ ਤੁਹਾਡੇ ਵੱਲੋਂ ਇਕ ਮੁਲਾਂਕਣ (ਅਸੈਸਮੈਂਟ) ਅਪੀਲ ਸਬਮਿਟ ਕਰਣ ਦੀ ਇਜ਼ਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ। ਇਸਦਾ ਮਤਲਬ ਹੈ ਕਿ SQA ਵਟਾਂਵੇ ਸਬੂਤ ਤੇ ਵਿਚਾਰ ਨਹੀਂ ਕਰੇਗਾ ਅਗਰ ਤੁਸੀਂ ਉਹ ਖਿਤਾਬ (ਅਵਾਰਡ) ਪਰਾਪਤ ਨਹੀਂ ਕਰਦੇ ਜਿਸਦਾ ਤੁਹਾਡੇ ਸੈਂਟਰ ਨੇ ਅੰਦਾਜ਼ਾ ਲਗਾਇਆ ਸੀ ਕਿ ਤੁਸੀਂ ਕਰੋਗੇ।

## ਇਕਰਾਰ (ਡੈਕਲੇਰੇਸ਼ਨ)

ਤੁਹਾਡਾ ਸਕੂਲ ਜਾਂ ਕਾਲੇਜ ਤੁਹਾਨੂੰ ਇਕ ਇਕਰਾਰ (ਡੈਕਲੇਰੇਸ਼ਨ) ਦੇਣਗੇ ਜੋ ਕਿਸੇ ਵੀ ਪਾਠਕ੍ਰਮ (ਕੋਰਸਵਰਕ) SQA ਨੂੰ ਮਾਰਕਿੰਗ ਲਈ ਸਬਮਿਟ ਕਰਣ ਤੋਂ ਪਹਿਲਾਂ ਤੁਹਾਡੇ ਲਈ ਦਸਤਖ਼ਤ ਕਰਨਾ ਜਰੂਰੀ ਹੈ। ਇਹ ਬਹੁਤ ਜਰੂਰੀ ਹੈ ਕਿ ਤੁਸੀਂ ਇਸ ਇਕਰਾਰ (ਡੈਕਲੇਰੇਸ਼ਨ) ਦੇ ਸ਼ਬਦਾਂ ਨੂੰ ਸਮਝੋ। ਅਗਰ ਤੁਸੀਂ ਕਿਸੇ ਚੀਜ਼ ਬਾਰੇ ਨਿਸ਼ਚਿਤ ਨਹੀਂ ਹੋ ਤੁਹਾਨੂੰ ਆਪਣੇ ਸਿੱਖਿਅਕ ਜਾਂ ਲੈਕਚਰਾਰ ਨੂੰ ਇਸਨੂੰ ਸਮਝਾਣ ਲਈ ਜਰੂਰ ਪੁੱਛਣਾ ਚਾਹੀਦਾ ਹੈ।

## ਇੱਥੇ ਇਕਰਾਰ (ਡੈਕਲੇਰੇਸ਼ਨ) ਦੇ ਸ਼ਬਦ ਹਨ।

**ਮੈਂ ਇਹ ਪੁਸ਼ਟੀ ਕਰਦਾ ਹਾਂ ਕਿ:**

- ਮੈਂ SQA ਦੇ ਤੁਹਾਡੇ ਪਾਠਕ੍ਰਮ (ਕੋਰਸਵਰਕ) ਕਿਤਾਬੜੀ ਪੜ੍ਹੀ ਹੈ ਅਤੇ ਮੈਂ ਇਸਦੀ ਸਮਗਰੀ ਸਮਝਦਾ/ਸਮਝਦੀ ਹਾਂ।
- ਮੈਂ ਸਮਝਦਾ/ਸਮਝਦੀ ਹਾਂ ਕਿ ਜਿੱਥੇ ਤੁਹਾਡੇ ਪਾਠਕ੍ਰਮ (ਕੋਰਸਵਰਕ) ਕਿਤਾਬੜੀ ਵਿੱਚ ਦਿੱਤੇ ਹੋਏ ਦਿਸ਼ਾ ਨਿਰਦੇਸ਼ਾਂ (ਗਾਇਡਲਾਇਨਜ਼) ਦੀ ਪਾਲਨਾ ਨਹੀਂ ਕੀਤੀ ਗਈ ਹੈ SQA ਉਮੀਦਵਾਰ ਨੂੰ ਜੁਰਮਾਨਾ ਲਗਾ ਸਕਦਾ ਹੈ ।
- ਇਸ ਇਕਰਾਰ (ਡੈਕਲੇਰੇਸ਼ਨ) ਨਾਲ ਸਬਮਿਟ ਕੀਤਾ ਗਿਆ ਪਾਠਕ੍ਰਮ (ਕੋਰਸਵਰਕ) ਸਾਰਾ ਮੇਰਾ ਆਪਣਾ ਕੰਮ ਹੈ ਜਿਸਦੇ ਨਾਲ ਜਾਨਕਾਰੀ ਦੇ ਸਰੋਤ ਸਾਫ਼-ਸਾਫ਼ ਪਛਾਣੇ ਗਏ ਹਨ ਅਤੇ ਸਵੀਕਾਰ ਕੀਤੇ ਗਏ ਹਨ।
- ਮੈਂ ਸਮਝਦਾ/ਸਮਝਦੀ ਹਾਂ ਕਿ ਇਹ ਪਾਠਕ੍ਰਮ (ਕੋਰਸਵਰਕ) SQA ਨੂੰ ਨੰਬਰ ਦੇਣ ਲਈ ਸਬਮਿਟ ਕੀਤਾ ਜਾਏਗਾ।

## ਯਾਦ ਰਹੇ

ਤੁਹਾਨੂੰ ਇਸ ਤੇ ਦਸਤਖ਼ਤ ਕਰਨ ਤੋਂ ਪਹਿਲਾਂ ਇਹ ਪੱਕਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਤੁਸੀਂ ਇਸ ਇਕਰਾਰ (ਡੈਕਲੇਰੇਸ਼ਨ) ਦੇ ਸ਼ਬਦਾਂ ਨੂੰ ਸਮਝਦੇ ਹੋ — ਅਤੇ ਅਗਰ ਤੁਸੀਂ ਨਹੀਂ ਸਮਝਦੇ ਹੋ ਤੇ ਆਪਣੇ ਸਿੱਖਿਅਕ ਜਾਂ ਲੈਕਚਰਾਰ ਨੂੰ ਮਦਦ ਲਈ ਪੁੱਛੋ।

**ਆਪਣਾ ਕੰਮ SQA ਨੂੰ ਮਾਰਕਿੰਗ ਲਈ ਸਬਮਿਟ ਕਰਣ ਤੋਂ ਪਹਿਲਾਂ ਤੁਹਾਨੂੰ ਇਸ ਇਕਰਾਰ (ਡੈਕਲੇਰੇਸ਼ਨ) ਤੇ ਜਰੂਰ ਦਸਤਖ਼ਤ ਕਰਨੇ ਚਾਹੀਦੇ ਹਨ।**

## ਅਤੇ ਅਖੀਰ ਵਿੱਚ

ਇਹ ਯਾਦ ਰੱਖੋ ਕਿ ਕੋਈ ਵੀ ਤੁਹਾਨੂੰ ਨਾਕਾਮ ਹੁੰਦੇ ਹੋਏ ਨਹੀਂ ਦੇਖਣਾ ਚਾਹੁੰਦਾ — ਨਾ ਤੁਹਾਡੇ ਮਿੱਤਰ ਅਤੇ ਪਰਵਾਰ, ਨਾ SQA, ਅਤੇ ਤੁਹਾਡੇ ਸਿੱਖਿਅਕ ਜਾਂ ਲੈਕਚਰਾਰ ਤੇ ਬਿਲਕੁਲ ਹੀ ਨਹੀਂ। ਬੇਸ਼ੱਕ ਤੁਸੀਂ ਆਪਣੇ ਕੰਮ ਬਾਰੇ ਦੂਰਰਿਆਂ ਨਾਲ ਗਲ ਕਰ ਸਕਦੇ ਹੋ, ਉਹਨਾਂ ਦੇ ਤਜਰਬੇ ਵੰਡ ਸਕਦੇ ਹੋ ਅਤੇ ਸਲਾਹ ਲੈ ਸਕਦੇ ਹੋ, ਪਰ ਹਮੇਸ਼ਾਂ ਯਾਦ ਰੱਖੋ — ਜੋ ਕੰਮ ਤੁਸੀਂ ਮਾਰਕਿੰਗ ਲਈ ਸਬਮਿਟ ਕਰੋ ਉਹ ਤੁਹਾਡਾ ਆਪਣਾ ਹੋਣਾ ਚਾਹੀਦਾ ਹੈ। ਅਗਰ ਤੁਹਾਨੂੰ ਆਪਣੇ ਕੰਮ ਬਾਰੇ ਕੋਈ ਵੀ ਸ਼ਕ ਹੈ, ਕਿਰਪਾ ਕਰਕੇ ਆਪਣੇ ਸਿੱਖਿਅਕ ਜਾਂ ਲੈਕਚਰਾਰ ਨੂੰ ਸਲਾਹ ਲੈਣ ਲਈ ਪੁੱਛੋ। ਉਹ ਉੱਥੇ ਤੁਹਾਡੀ ਮਦਦ ਲਈ ਹਨ।